ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਤ
(ਦਫਤਰ ਮੁੱਖ / ਪ੍ਰਬੰਧਕੀ(ਅਮਲਾ ਅਗਜ਼ਟੀ-2),ਪਟਿਆਲਾ) ਸਰਕੂਲਰ ਨੰਬਰ 1/11

ਵੱਲ

1) ਸਾਰੇ ਇੰਜ-ਇਨ-ਚੀਫ /ਮੁੱਖ ਇੰਜੀਨੀਅਰ/ਜਨਰਲ ਮੈਨੇਜਰ ਸਮੇਤ ਹਾਈਡਲ,ਪੰ:ਰਾ:ਪਾਵਰਕਾਮ/ਟਰਾਂਸਕੋ ਅਤੇ ਬੀ.ਬੀ.ਐਮ.ਬੀ
2) ਡੀ.ਜੀ.ਪੀ/ਵੀ ਤੇ ਐਸ, ਪਾਵਰਕਾਮ/ਟਰਾਂਸਕੋ, ਪਟਿਆਲਾ
3) ਮੁੱਖ ਲੇਖਾ ਅਫਸਰ,ਪਾਵਰਕਾਮ/ਟਰਾਂਸਕੋ,ਪਟਿਆਲਾ।
4) ਮੁੱਖ ਆਡੀਟਰ,ਪਾਵਰਕਾਮ/ਟਰਾਂਸਕੋ,ਪਟਿਆਲਾ।
5) ਜੀ.ਐਮ/ਫਾਈਨਾਂਸ/ਐਫ.ਏ.ਐਡ ਸੀ.ਏ.ਓ, ਪਾਵਰਕਾਮ/ਟਰਾਂਸਕੋ
6) ਮੁੱਖ ਕਾਸਟ ਕੰਟਰੋਲਰ ਅਤੇ ਰਿਡਕਸ਼ਨ,ਪਾਵਰਕਾਮ/ਟਰਾਂਸਕੋ,ਪਟਿਆਲਾ।
7) ਸਕੱਤਰ-ਕਮ-ਮੁੱਖ ਇੰਜੀ:/ਯੂ.ਟੀ ਐਡਮਨ: ਸੈਕਟਰ-9,ਚੰਡੀਗੜ੍ਹ।
8) ਸਕੱਤਰ/ਬੀ.ਬੀ.ਐਮ.ਬੀ, ਸੈਕਟਰ 19-ਬੀ,ਚੰਡੀਗੜ੍ਹ।
9) ਸਾਰੇ ਉਪ ਮੁੱਖ ਇੰਜ:/ਨਿਗਰਾਨ ਇੰਜ:, ਪਾਵਰਕਾਮ/ਟਰਾਂਸਕੋ
10) ਸਾਰੇ ਸੀਨੀਅਰ ਲੇਖਾ ਅਫਸਰ/ਡਿਪਟੀ ਸੀਏ/ਪਾਵਰਕਾਮ/ਟਰਾਂਸਕੋ
11) ਸਾਰੇ ਵਧੀਕ ਨਿਗ:ਇੰਜੀ:/ਸੀਨੀ:ਕਾ:ਕਾ:ਇੰਜੀਨੀਅਰ,ਪਾਵਰਕਾਮ/ਟਰਾਂਸਕੋ
12) ਉਪ ਸਕੱਤਰ ਟੂ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਅਤੇ ਸੀਨੀਅਰ ਨਿੱਜੀ ਸਕੱਤਰ ਟੂ ਡਾਇਰੈਕਟਰਜ਼, ਪਾਵਰਕਾਮ/ਟਰਾਂਸਕੋ
13) ਸਾਰੇ ਸੰਯੁਕਤ ਸਕੱਤਰ/ਉਪ ਸਕੱਤਰ, ਅਧੀਨ ਸਕੱਤਰ ਪਾਵਰਕਾਮ/ਟਰਾਂਸਕੋ

ਮੀਮੋ ਨੰ: 86013/86613 /ਈਐਨਜੀ-29(11)ਵਾ:5(ਟੈਕ)

ਮਿਤੀ 5-9-11

ਵਿਸ਼ਾ: **ਵਰਕਚਾਰਜ/ਆਰ.ਟੀ.ਐਮ ਤੋਂ ਸ:ਲ:ਮ: ਦੀ ਤਰੱਕੀ ਉਪਰੰਤ ਫਿਕਸ ਕੀਤੀ ਤਨਖਾਹ ਨੂੰ ਟੀ.ਟੀ.ਆਈ ਟ੍ਰੇਨਿੰਗ ਨਾ ਹੋਣ ਕਰਕੇ ਦੁਬਾਰਾ ਫਿਕਸ ਕਰਨ ਤੇ ਬਣਦੀ ਰਿਕਵਰੀ ਨਾ ਕਰਨ ਬਾਰੇ।**

ਪੰ:ਰਾ:ਪਾ:ਕਾ:ਲਿਮ:,ਪਟਿਆਲਾ ਅਧੀਨ ਕੰਮ ਕਰਦੀਆਂ ਕੁਝ ਪ੍ਰਮੁੱਖ ਜਥੇਬੰਦੀਆਂ ਅਤੇ ਨਾਨ-ਓਪਰੇਸ਼ਨ ਦਫਤਰਾਂ ਦੇ ਮੁੱਖੀਆਂ ਵਲੋਂ ਮੈਨਜਮੈਂਟ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਨਾਨ-ਓਪਰੇਸ਼ਨ ਦਫਤਰ ਦੇ ਉਹ ਕਾਮੇ/ਕਰਮਚਾਰੀ ਜਿਹਨਾਂ ਨੂੰ ਸੀਨੀਆਰਤਾ ਦੇ ਆਧਾਰ ਤੇ ਸ:ਲ:ਮ: ਦੇ ਨਿਯੁਕਤੀ ਪੱਤਰ ਜਾਰੀ ਕੀਤੇ ਜਾਂਦੇ ਹਨ ਅਤੇ ਉਹਨਾਂ ਦੇ ਨਿਯੁਕਤੀ ਪੱਤਰਾਂ ਵਿਚ ਸ:ਲ:ਮ: ਦੀ ਅਸਾਮੀ ਤੇ ਤੈਨਾਤ ਹੋਣ ਤੋਂ ਪਹਿਲਾਂ 6 ਮਹੀਨੇ ਦੀ ਟਰੇਨਿੰਗ ਟੀ.ਟੀ.ਆਈ ਸੰਸਥਾ ਤੋਂ ਪ੍ਰਾਪਤ ਕਰਨ ਦੀ ਸ਼ਰਤ ਲਗਾਈ ਜਾਂਦੀ ਹੈ, ਨੂੰ ਮਹਿਕਮੇ ਦੇ ਹਿਤ ਵਿਚ ਜਾਂ ਕਿਸੇ ਹੋਰ ਕਾਰਨ ਕਈ ਵਾਰ ਕਾਫੀ ਲੰਬੇ ਸਮੇਂ ਤੱਕ ਟੀ.ਟੀ.ਆਈ ਟਰੇਨਿੰਗ ਲਈ ਨਹੀਂ ਭੇਜਿਆ ਜਾਂਦਾ । ਨਤੀਜੇ ਵਜੋਂ ਅਜਿਹੇ ਕਾਮਿਆਂ/ਕਰਮਚਾਰੀਆਂ ਦੀ ਤਨਖਾਹ ਮੁੜ ਫਿਕਸ ਕਰਨ ਕਰਕੇ ਰਿਕਵਰੀ ਬਣ ਜਾਂਦੀ ਹੈ ਜਾਂ ਉਹਨਾਂ ਨੂੰ ਸ:ਲ:ਮ ਦਾ ਸਕੇਲ ਨਾ ਦੇਣ ਕਾਰਨ ਕਾਫੀ ਵਿੱਤੀ ਨੁਕਸਾਨ ਉਠਾਉਣਾ ਪੈਂਦਾ ਹੈ।

ਮੈਨੇਜਮੈਂਟ ਵਲੋਂ ਇਸ ਮੁੱਦੇ ਨੂੰ ਸਦਭਾਵਨਾ ਪੂਰਵਕ ਵਿਚਾਰਦੇ ਹੋਏ ਫੈਸਲਾ ਲਿਆ ਗਿਆ ਹੈ ਕਿ ਉਹਨਾਂ ਕੇਸਾਂ ਵਿਚ ਜਿਥੇ ਟੀ.ਟੀ.ਆਈ.ਟਰੇਨਿੰਗ ਨਾ ਕਰਨ ਕਰਕੇ ਤਨਖਾਹ ਮੁੜ ਫਿਕਸ ਕਰਨ ਤੇ ਕਿਸੇ ਕਾਮੇ/ਕਰਮਚਾਰੀ ਦੀ ਰਿਕਵਰੀ ਬਣਦੀ ਹੈ, ਉਹ ਫਿਲਹਾਲ ਰਿਕਵਰੀ ਨਾ ਕੀਤੀ ਜਾਵੇ। ਨਿਯਮਾਂ ਵਿੱਚ ਲੋੜੀਂਦੀ ਤਰਮੀਮ ਲਈ ਮੈਮੋਰੰਡਮ ਬੋਰਡ ਆਫ ਡਾਇਰੈਕਟਰਜ਼ ਸਨਮੁੱਖ ਪੇਸ਼ ਕੀਤਾ ਜਾਵੇਗਾ, ਜਿਸਦਾ ਫੈਸਲਾ ਹੋਣ ਉਪਰੰਤ ਹੀ ਅਗਲੇਰੀ ਕਾਰਵਾਈ ਕੀਤੀ ਜਾਵੇ।

ਇਹ ਸਮੱਰਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

5/9/11
ਉਪ ਸਕੱਤਰ/ਅਮਲਾ-2

ਸੀ:ਸੀ:

ਨਿਗ:ਇੰਜੀ./ਆਈ.ਟੀ., ਪਾਵਰਕਾਮ,ਪਟਿਆਲਾ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਹਦਾਇਤਾਂ ਨੂੰ ਵੈਬਸਾਈਟ ਤੇ ਪਾਇਆ ਜਾਵੇ।